ਪ੍ਰੈੱਸ ਰਿਲੀਜ਼

# ਬੱਚਿਆਂ ਦੀ ਦਵਾਈ ਫਾਰਮੇਸੀਆਂ ਵੱਲ ਨੂੰ ਰਸਤੇ ‘ਚ ਹੈ

20 ਮਾਰਚ, 2023

## ਐਲਬਰਟਾ ਪਰਿਵਾਰ ਆਪਣੀਆਂ ਸਥਾਨਕ ਫਾਰਮੇਸੀਆਂ ਤੋਂ ਬੱਚਿਆਂ ਦੀ ਦਰਦ ਅਤੇ ਬੁਖਾਰ ਦੀ ਤਰਲ ਦਵਾਈ ਖਰੀਦ ਸਕਣ ਯੋਗ ਹੋਣਗੇ।

ਪਰੋਲ ਬਰਾਂਡ ਦੀ ਐਸਿਟਾਮਾਈਨੋਫੈੱਨ ਦੀਆਂ ਤਿੰਨ ਖੇਪਾਂ ਵਿੱਚੋਂ ਪਹਿਲੀ ਖੇਪ ਆ ਚੁੱਕੀ ਹੈ ਅਤੇ ਪਰਿਵਾਰਾਂ ਦੇ ਖਰੀਦਣ ਲਈ ਸੂਬੇ ਭਰ ਦੀਆਂ ਕਮਿਊਨਿਟੀ ਫਾਰਮੇਸੀਆਂ ਨੂੰ ਵੰਡੀ ਜਾ ਰਹੀ ਹੈ।

ਬੱਚਿਆਂ ਦੇ ਦਰਦ ਅਤੇ ਬੁਖਾਰ ਦੀ ਦਵਾਈ ਦੀ ਵਿਸ਼ਵ-ਵਿਆਪੀ ਘਾਟ ਦੇ ਹੁੰਗਾਰੇ ਵਜੋਂ, ਐਲਬਰਟਾ ਸਰਕਾਰ ਨੇ ਸੂਬੇ ਲਈ ਸਥਿਰ ਸਪਲਾਈ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਕੀਤੀ। ਸਰਕਾਰ ਲਈ ਖੜੇ ਵੇਖਦਾ ਰਹਿਣਾ ਅਤੇ ਬੱਚਿਆਂ ਨੂੰ ਦਰਦ ਅਤੇ ਬੁਖਾਰ ਨਾਲ ਪੀੜਤ ਹੁੰਦੇ ਰਹਿਣ ਦੇਣਾ ਗੈਰ-ਜ਼ਿੰਮੇਵਾਰਾਨਾ ਹੋਣਾ ਸੀ।

ਜਦ ਕੋਈ ਛੋਟਾ ਬੱਚਾ ਬਿਮਾਰ ਹੁੰਦਾ ਹੈ, ਤਾਂ ਮਾਪਿਆਂ ਅਤੇ ਪਰਿਵਾਰਾਂ ਵਾਸਤੇ ਇਹ ਮੁਸ਼ਕਿਲ ਅਤੇ ਤਣਾਓ-ਭਰਪੂਰ ਹੋ ਸਕਦਾ ਹੈ, ਅਤੇ ਇਹ ਕਈ ਕਾਰਨਾਂ ’ਚੋਂ ਇੱਕ ਹੈ ਕਿ ਅਸੀਂ ਇਸ ਦਵਾਈ ਨੂੰ ਹਾਸਲ ਕਰਨ ਲਈ ਏਨੀ ਤੇਜ਼ੀ ਨਾਲ ਕਾਰਜ ਕੀਤਾ। ਦਰਦ ਅਤੇ ਬੁਖਾਰ ਦੀ ਇਸ ਦਵਾਈ ਨੂੰ ਸੂਬੇ ਭਰ ਦੀਆਂ ਫਾਰਮੇਸੀਆਂ ਨੂੰ ਭੇਜਿਆ ਜਾ ਰਿਹਾ ਹੈ ਤਾਂ ਜੋ ਪਰਿਵਾਰ ਇਸਨੂੰ ਖਰੀਦ ਸਕਣ ਅਤੇ ਮੈਂ ਬਹੁਤ ਖੁਸ਼ ਹਾਂ ਕਿ ਐਲਬਰਟਾ ਦੇ ਮਾਪਿਆਂ ਅਤੇ ਦੇਖਭਾਲ-ਕਰਤਿਆਂ ਨੂੰ ਲੰਮਾ ਸਮਾਂ ਉਡੀਕ ਕਰਨ ਦੀ ਲੋੜ ਨਹੀਂ ਰਹੀ ।

*Danielle Smith, ਪ੍ਰੀਮੀਅਰ*

ਹੈਲਥ ਕੈਨੇਡਾ ਨੇ ਐਲਬਰਟਾ ਭਰ ਵਿੱਚ ਫਾਰਮੇਸੀਆਂ ਵਿੱਚ ਕਾਊਂਟਰ-ਦੇ-ਪਿੱਛਿਉਂ ਵਿਕਰੀ ਵਾਸਤੇ ਪਰੋਲ ਦੀਆਂ 750,000 ਬੋਤਲਾਂ ਦੀ ਆਯਾਤ ਨੂੰ ਮਨਜ਼ੂਰੀ ਦਿੱਤੀ ਹੈ। ਮਨਜ਼ੂਰਸ਼ੁਦਾ ਦਵਾਈ ਦੀ ਪਹਿਲੀ ਖੇਪ 3 ਮਾਰਚ ਨੂੰ ਸੂਬੇ ਵਿੱਚ ਪਹੁੰਚੀ ਅਤੇ ਫੈਡਰਲ ਰੈਗੂਲੇਸ਼ਨ ਦੇ ਅਨੁਸਾਰ, ਫਾਰਮੇਸੀਆਂ ਨੂੰ ਡਿਲਿਵਰ ਕੀਤੇ ਜਾਣ ਲਈ ਉਪਲਬਧ

ਮੀਡੀਆ ਪੁੱਛਗਿੱਛ

Scott Johnston

Scott.Johnston@gov.ab.ca
780-918-4284
ਪ੍ਰੈੱਸ ਸੈਕਟਰੀ, ਐਲਬਰਟਾ ਹੈਲਥ

Classification: Public

ਕਰਵਾਉਣ ਤੋਂ ਪਹਿਲਾਂ, ਇਸਨੂੰ ਟੈਸਟ ਕਰਨ ਲਈ ਕੁਆਰਨਟੀਨ 'ਚ ਰੱਖਣ ਦੀ ਲੋੜ ਸੀ। ਐਲਬਰਟਾ ਦੀ ਸਰਕਾਰ ਨੂੰ ਆਉਣ ਵਾਲੇ ਹਫ਼ਤਿਆਂ ਵਿੱਚ ਦੋ ਭਵਿੱਖੀ ਖੇਪਾਂ ਦੇ ਆਉਣ ਉਮੀਦ ਹੈ।

ਪੈਡਿਫੈੱਨ ਬਰਾਂਡ ਨਾਮ ਹੇਠ ਬਣਾਈ ਗਈ ਆਈਬੂਪ੍ਰੋਫੈੱਨ ਦੀ ਪਹਿਲੀ ਖੇਪ ਨੂੰ ਵੀ ਐਲਬਰਟਾ ਵਾਸੀਆਂ ਵੱਲੋਂ ਖਰੀਦੇ ਜਾਣ ਵਾਸਤੇ ਹੈਲਥ ਕੈਨੇਡਾ ਵੱਲੋਂ ਮਨਜ਼ੂਰ ਕੀਤਾ ਗਿਆ ਹੈ ਅਤੇ ਇਹ 17 ਮਾਰਚ ਨੂੰ ਸੂਬੇ ਵਿੱਚ ਪਹੁੰਚੀ ਹੈ। ਦੂਜੀ ਖੇਪ ਇਸ ਮਹੀਨੇ ਦੇ ਅੰਤ 'ਚ ਸੂਬੇ ਵਿੱਚ ਪਹੁੰਚੇਗੀ। ਕੁੱਲ ਮਿਲਾ ਕੇ 500,000 ਬੋਤਲਾਂ ਆਯਾਤ ਕੀਤੀਆਂ ਜਾਣਗੀਆਂ। ਦਵਾਈ ਨੂੰ ਫਾਰਮੇਸੀਆਂ ਵਿਚ ਵਿਕਰੀ ਵਾਸਤੇ ਅਤੇ ਹਸਪਤਾਲ ਵਿੱਚ ਵਰਤੋਂ ਵਾਸਤੇ ਮਾਨਤਾ ਦਿੱਤੀ ਗਈ ਹੈ।

ਇੱਕ ਵਾਰ ਜਦੋਂ ਪੈਡਿਫੈੱਨ ਦੀ ਖੇਪ ਪਰੋਲ ਵਾਂਗ ਹੀ ਕੁਆਰਨਟੀਨ ਪ੍ਰਕਿਰਿਆ ਵਿਚੋਂ ਨਿਕਲ ਲੈਂਦੀ ਹੈ, ਤਾਂ ਕਮਿਊਨਿਟੀ ਫਾਰਮੇਸੀਆਂ ਵਿਖੇ ਖਰੀਦ ਵਾਸਤੇ ਸੂਬਾ-ਵਿਆਪੀ ਤੌਰ 'ਤੇ ਵੰਡਣੀ ਸ਼ੁਰੂ ਹੋ ਜਾਵੇਗੀ।

ਬੱਚਿਆਂ ਦੇ ਦਰਦ ਅਤੇ ਬੁਖਾਰ ਦੀ ਦਵਾਈ ਦੀ ਇਹ ਸਪਲਾਈ ਆਉਣ ਵਾਲੇ ਸਾਲਾਂ ਲਈ ਐਲਬਰਟਾ ਦੀਆਂ ਫਾਰਮੇਸੀਆਂ ਵਿੱਚ ਇੱਕ ਸਥਿਰ ਸਪਲਾਈ ਨੂੰ ਯਕੀਨੀ ਬਣਾਏਗੀ। ਪਰੋਲ ਅੱਜ ਫਾਰਮੇਸੀਆਂ ਦੁਆਰਾ ਆਰਡਰ ਲਈ ਉਪਲਬਧ ਹੈ ਅਤੇ ਪੈਡਿਫੈੱਨ ਆਉਣ ਵਾਲੇ ਦਿਨਾਂ ਵਿੱਚ ਉਪਲਬਧ ਹੋ ਜਾਵੇਗੀ।

ਹੈਲਥ ਕੈਨੇਡਾ ਦੇ ਆਦੇਸ਼ ਦਾ ਇੱਕ ਭਾਗ ਇਹ ਯਕੀਨੀ ਬਣਾਉਣਾ ਹੈ ਕਿ ਦੇਸ਼ ਵਿੱਚ ਲਿਆਂਦੀ ਗਈ ਸਾਰੀ ਦਵਾਈ ਉਹਨਾਂ ਸਖਤ ਸੁਰੱਖਿਆ ਮਿਆਰਾਂ ਦੀ ਪੂਰਤੀ ਕਰਦੀ ਹੋਵੇ, ਜਿੰਨ੍ਹਾਂ ਦੀ ਕੈਨੇਡਾ ਵਾਸੀ ਦਵਾਈ ਖਰੀਦਦੇ ਸਮੇਂ ਉਮੀਦ ਕਰਦੇ ਹਨ। ਕੈਨੇਡਾ ਵਾਸੀ ਯਕੀਨ ਕਰ ਸਕਦੇ ਹਨ ਕਿ, ਕਿਉਂਕਿ ਇਹ ਦਵਾਈ ਕੈਨੇਡਾ ਵਿੱਚ ਵਿਕਰੀ ਵਾਸਤੇ ਮਨਜ਼ੂਰਸ਼ੁਦਾ ਹੈ, ਇਸ ਕਰਕੇ ਪਰੋਲ ਅਤੇ ਪੈਡਿਫੈੱਨ ਬਰਾਂਡ ਦੀ ਬੱਚਿਆਂ ਦੇ ਦਰਦ ਅਤੇ ਬੁਖਾਰ ਦੀ ਦਵਾਈ ਓਨੀ ਹੀ ਸੁਰੱਖਿਅਤ ਅਤੇ ਅਸਰਦਾਰ ਹੈ ਜਿੰਨੀ ਕਿ ਹੋਰਨਾਂ ਬਰਾਂਡਾਂ ਦੀ, ਜਿੰਨ੍ਹਾਂ ਨੂੰ ਉਹ ਫਾਰਮੇਸੀ ਦੀਆਂ ਸ਼ੈਲਫਾਂ 'ਤੇ ਵੇਖਣ ਦੇ ਆਦੀ ਹਨ। ਇਹਨਾਂ ਹੀ ਉਤਪਾਦਨਾਂ ਦੀ ਵਰਤੋਂ ਯੂਰਪ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਪਰਿਵਾਰਾਂ ਦੁਆਰਾ ਕੀਤੀ ਜਾਂਦੀ ਹੈ।

## ਪ੍ਰਮੁੱਖ ਤੱਥ

- ਇਹ ਤੁਰਕੀ ਵਿਚਲੇ ਅਟਾਬੇ ਫਾਰਮਾਸਿਊਟੀਕਲਜ਼ ਤੋਂ ਪਰੋਲ ਦੀ ਦੂਜੀ ਖੇਪ ਹੈ, ਜਿਸਨੂੰ ਹੈਲਥ ਕੈਨੇਡਾ ਵੱਲੋਂ ਆਯਾਤ ਕਰਨ ਵਾਸਤੇ ਮਨਜ਼ੂਰ ਕੀਤਾ ਜਾ ਰਿਹਾ ਹੈ। 250,000 ਬੋਤਲਾਂ ਦੀ ਪਹਿਲੀ ਖੇਪ, ਜੋ 18 ਜਨਵਰੀ ਨੂੰ ਆਈ ਸੀ, ਨੂੰ ਹੈਲਥ ਕੈਨੇਡਾ ਦੁਆਰਾ ਐਲਬਰਟਾ ਦੇ ਹਸਪਤਾਲਾਂ ਵਿੱਚ ਵਰਤੇ ਜਾਣ ਵਾਸਤੇ ਮਨਜ਼ੂਰ ਕੀਤਾ ਗਿਆ ਸੀ।
- ਇਸ ਤੋਂ ਬਾਅਦ ਪਰੋਲ ਦੀਆਂ ਦੋ ਖੇਪਾਂ ਹੋਰ ਹੋਣਗੀਆਂ, ਜਿਨ੍ਹਾਂ ਦੇ ਮਾਰਚ ਦੇ ਅੰਤ ਤੱਕ ਪਹੁੰਚਣ ਦੀ ਉਮੀਦ ਹੈ।

- ਹੈਲਥ ਕੈਨੇਡਾ ਨੇ ਫਾਰਮੇਸੀਆਂ ਦੁਆਰਾ ਵਿਕਰੀ ਵਾਸਤੇ ਅਤੇ ਹਸਪਤਾਲ ਵਰਤੋਂ ਵਾਸਤੇ ਬੱਚਿਆਂ ਦੀ ਆਈਬੂਪ੍ਰੋਫੈੱਨ ਦੀਆਂ 500,000 ਬੋਤਲਾਂ, ਜਿੰਨ੍ਹਾਂ ਨੂੰ ਪੈਡਿਫੈੱਨ ਵਜੋਂ ਬਰਾਂਡ ਕੀਤਾ ਜਾਂਦਾ ਹੈ, ਨੂੰ ਆਯਾਤ ਕਰਨ ਦੀ ਸਰਕਾਰ ਦੀ ਯੋਜਨਾ ਨੂੰ ਵੀ ਮਨਜ਼ੂਰੀ ਦਿੱਤੀ ਹੈ।
- ਪੈਡਿਫੈੱਨ ਦੀ ਪਹਿਲੀ ਖੇਪ ਪਿਛਲੇ ਹਫਤੇ ਪਹੁੰਚੀ ਅਤੇ ਮੌਜੂਦਾ ਸਮੇਂ ਐਸਿਟਾਮਾਈਨੋਫੈੱਨ ਦੇ ਵਾਂਗ ਹੀ ਕੁਆਰਨਟੀਨ ਪ੍ਰੋਟੋਕੋਲ ਦੇ ਅਧੀਨ ਹੈ। ਕੁਆਰਨਟੀਨ ਪ੍ਰੋਟੋਕੋਲ ਦੇ 7-14 ਦਿਨਾਂ ਤੱਕ ਚੱਲਣ ਦੀ ਉਮੀਦ ਹੈ। ਬਾਕੀ ਬਚੀਆਂ ਖੇਪਾਂ ਦੀ ਮਾਰਚ ਦੇ ਅੰਤ ਤੱਕ ਪਹੁੰਚਣ ਦੀ ਉਮੀਦ ਹੈ।
- ਦਵਾਈ ਨੂੰ ਫਾਰਮੇਸੀ ਕਾਊਂਟਰ ਦੇ ਪਿੱਛੇ ਤੋਂ ਸਟੋਰ ਕੀਤਾ ਅਤੇ ਪਿੱਛਿਉਂ ਹੀ ਵੇਚਿਆ ਜਾਵੇਗਾ। ਫਾਰਮਾਸਿਸਟ ਵਿਆਖਿਆ ਕਰਕੇ ਦੱਸਣਗੇ ਕਿ ਕਿਵੇਂ ਦਵਾਈ ਦੀ ਸ਼ਕਤੀ, ਖੁਰਾਕ ਲੈਣ ਬਾਰੇ ਜਾਣਕਾਰੀ ਅਤੇ ਖੁਰਾਕ ਲੈਣ ਦੇ ਸੰਦ ਉਸ ਸਪਲਾਈ ਨਾਲੋਂ ਭਿੰਨ ਹਨ ਜਿਨ੍ਹਾਂ ਬਾਰੇ ਮਾਪੇ ਜਾਣੂੰ ਹੋ ਸਕਦੇ ਹਨ, ਅਤੇ ਆਪਣੇ ਬੱਚੇ ਵਾਸਤੇ ਸਹੀ ਖੁਰਾਕ ਦਾ ਨਿਰਣਾ ਕਰਨ ਲਈ ਉਹਨਾਂ ਨੂੰ ਸਲਾਹ ਅਤੇ ਜਾਣਕਾਰੀ ਮੁਹੱਈਆ ਕਰਵਾਉਣਗੇ।
- ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸਹੀ ਮਾਤਰਾ ਦਾ ਪਤਾ ਲਗਾਉਣ ਲਈ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਵੀ ਪੈਕੇਜ ਦੀਆਂ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।
- ਹਰੇਕ ਬੋਤਲ ਦੀ ਕੀਮਤ ਐਲਬਰਟਾ ਭਰ ਵਿੱਚ ਫਾਰਮੇਸੀਆਂ ਵਿੱਚ ਮੌਜੂਦਾ ਸਮੇਂ ਵੇਚੇ ਜਾਣ ਵਾਲੇ ਉਤਪਾਦਾਨਾਂ ਦੀ ਕੀਮਤ ਦੇ ਬਰਾਬਰ ਹੈ।
- ਅੰਤਮ ਲਾਗਤ ਲਗਭਗ 70 ਮਿਲੀਅਨ ਡਾਲਰ ਹੋਣ ਦੀ ਆਸ ਹੈ, ਜਿਸ ਵਿਚ ਲਗਭਗ 10 ਮਿਲੀਅਨ ਡਾਲਰ ਸ਼ਿਪਿੰਗ ਦੇ ਖਰਚਿਆਂ ਦੇ ਜੁੜ ਜਾਣਗੇ। ਇਸ ਵਿਚ ਐਲਬਰਟਾ ਦੀਆਂ ਫਾਰਮੇਸੀਆਂ ਜਾਂ ਹੋਰ ਅਧਿਕਾਰਤ ਖੇਤਰਾਂ ਨੂੰ ਦਵਾਈ ਦੀ ਵਿਕਰੀ ਤੋਂ ਹੋਣ ਵਾਲੀ ਲਾਗਤ ਦੀ ਰਿਕਵਰੀ ਨੂੰ ਹਿੱਸਾ ਨਹੀਂ ਬਣਾਇਆ ਗਿਆ।
- ਐਲਬਰਟਾ ਸਰਕਾਰ ਦੀ ਪ੍ਰਤਿ ਯੂਨਿਟ ਲਾਗਤ ਲਗਭਗ 14 ਡਾਲਰ ਪ੍ਰਤੀ ਬੋਤਲ ਹੈ।
- ਪਰੋਲ ਅਤੇ ਪੈਡਿਫੈੱਨ ਫਾਰਮੇਸੀਆਂ ਨੂੰ 7-9 ਡਾਲਰ ਪ੍ਰਤਿ ਬੋਤਲ ਦੀ ਥੋਕ ਕੀਮਤ 'ਤੇ ਮੁਹੱਈਆ ਕੀਤੀਆਂ ਜਾਣਗੀਆਂ। ਨਿਰਮਾਤਾ ਵੱਲੋਂ ਸੁਝਾਈ ਗਈ ਪ੍ਰਚੂਨ ਕੀਮਤ (MSRP) 11.99 ਡਾਲਰ ਪ੍ਰਤਿ ਬੋਤਲ ਹੈ।
- ਹਰੇਕ ਉਤਪਾਦਨ ਦੀ ਮਿਆਦ ਪੁੱਗਣ ਦੀ ਤਰੀਕ ਉਤਪਾਦਨ ਕੀਤੇ ਜਾਣ ਦੀ ਤਰੀਕ ਤੋਂ ਦੋ ਸਾਲ ਬਾਅਦ ਦੀ ਹੈ।